# BUDHA DAL PUBLIC SCHOOL, PATIALA

## FIRST TERM EXAMINATION (23 September 2023)

**Class-V**

**Sub: Punjabi**

**(Set - A)**

Time:3 hrs. Marks:60

ਪ੍ਰ1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ। (5)

ਸਵੇਰ ਦੀ ਸੈਰ ਸਾਡੇ ਸਰੀਰ ਨੂੰ ਤੰਦਰੁਸਤ ਰੱਖਦੀ ਹੈ। ਇਹ ਸਾਡੀ ਉਮਰ ਨੂੰ ਲੰਮਾ ਕਰਦੀ ਹੈ। ਸਵੇਰ ਵੇਲੇ ਮੌਸਮ ਖੁਸ਼ਨੁਮਾ ਹੁੰਦਾ ਹੈ। ਸਵੇਰ ਦੀ ਸੈਰ ਸਾਨੂੰ ਕਈ ਬਿਮਾਰੀਆਂ ਤੋਂ ਬਚਾਉਂਦੀ ਹੈ। ਤਾਜ਼ੀ ਹਵਾ ਸਾਡੇ ਸਰੀਰ ਵਿੱਚ ਖ਼ੂਨ ਦੇ ਗੇੜ ਨੂੰ ਤੇਜ਼ ਕਰਦੀ ਹੈ ਅਤੇ ਤਾਜ਼ਗੀ ਭਰਦੀ ਹੈ। ਪੰਛੀਆਂ ਦੀਆਂ ਅਵਾਜ਼ਾਂ, ਰੁਮਕਦੀ ਹਵਾ ਵਾਲੇ ਪੌਦਿਆਂ ਦੇ ਪੱਤਿਆਂ ਦਾ ਹਿਲਣਾ ਮਨ ਨੂੰ ਭਾਉਂਦਾ ਹੈ। ਕੰਮ ਕਰਨ ਨੂੰ ਦਿਲ ਕਰਦਾ ਹੈ। ਸੁਸਤੀ ਦੂਰ ਹੋ ਜਾਂਦੀ ਹੈ। ਦਿਲ-ਦਿਮਾਗ ਤਰੋ-ਤਾਜ਼ਾ ਹੁੰਦੇ ਹਨ। ਸਵੇਰ ਦੀ ਸੈਰ ਸਾਡੇ ਲਈ ਇੱਕ ਅਮੁੱਲ ਦਾਤ ਹੈ।

1. ਸਾਨੂੰ ਬਿਮਾਰੀਆਂ ਤੋਂ ਕੌਣ ਬਚਾ ਸਕਦਾ ਹੈ?
2. ਸਵੇਰ ਦਾ ਮੌਸਮ ਕਿਸ ਤਰ੍ਹਾਂ ਦਾ ਹੁੰਦਾ ਹੈ?
3. ਤਾਜ਼ੀ ਹਵਾ ਸਾਡੇ ਸਰੀਰ ਵਿੱਚ ਖ਼ੂਨ ਦੇ ਗੇੜ ਨੂੰ ਕੀ ਕਰਦੀ ਹੈ?
4. ਸਵੇਰ ਦੀ ਸੈਰ ਸਾਡੇ ਲਈ ਕਿਹੜੀ ਦਾਤ ਹੈ?
5. ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**ਪ੍ਰ2. ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (6)

**ਮੇਰਾ ਮਨਭਾਉਂਦਾ ਅਧਿਆਪਕ**

ਨੁਕਤੇ - ਜਾਣ-ਪਛਾਣ, ਸ਼ਖਸੀਅਤ, ਵਿੱਦਿਅਕ ਯੋਗਤਾ, ਪੜ੍ਹਾਉਣ ਦਾ ਢੰਗ, ਸੁਭਾਅ।

**ਜਾਂ**

**ਦੀਵਾਲੀ**

ਨੁਕਤੇ - ਜਾਣ-ਪਛਾਣ, ਦੀਵਾਲੀ ਦੀਆਂ ਤਿਆਰੀਆਂ, ਬਜ਼ਾਰਾਂ ਦਾ ਦ੍ਰਿਸ਼, ਦੀਵਾਲੀ ਦੀ ਰਾਤ, ਖ਼ੁਸ਼ੀਆਂ ਭਰਿਆ ਤਿਉਹਾਰ।

**ਪ੍ਰ3.** ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ - ਪੱਤਰ ਲਿਖੋ। (6)

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਸੈਕਸ਼ਨ ਬਦਲਣ ਸੰਬੰਧੀ ਬਿਨੈ - ਪੱਤਰ ਲਿਖੋ।

**ਵਿਆਕਰਨ**

**ਪ੍ਰ4. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ।** (4)

1. ਉਸਤਾਦੀ ਕਰਨੀ -
2. ਇੱਕ ਮੁੱਠ ਹੋਣਾ -
3. ਹੱਥ ਤੰਗ ਹੋਣਾ -
4. ਹਰਨ ਹੋ ਜਾਣਾ -

Scanned with OKEN Scanner

ਪ੍ਰ5. ਹੇਠ ਲਿਖੇ ਵਾਕਾਂ ਵਿੱਚ ਕਿਰਿਆ ਦੀਆਂ ਕਿਸਮਾਂ ਲਿਖੋ।

1. ਮੇਰਾ ਭਰਾ ਕਿਤਾਬ ਪੜ੍ਹ ਰਿਹਾ ਹੈ।
2. ਬੱਚਾ ਖੇਡ ਰਿਹਾ ਹੈ।
3. ਮਾਤਾ ਜੀ ਰੋਟੀ ਪਕਾ ਰਹੇ ਹਨ।
4. ਰਾਹੁਲ ਗਾ ਰਿਹਾ ਹੈ।

ਪ੍ਰ6. ਹੇਠਾਂ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ। (2)

ਉਸਤਾਦ, ਮਿੱਤਰ

ਪ੍ਰ7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। (4)

1. ਪੰਜਾਬ ਦੇ ਮੁੱਖ ਮੰਤਰੀ ਦਾ ਨਾਂ ਲਿਖੋ।
2. ਭਾਰਤ ਦੀ ਪਵਿੱਤਰ ਨਦੀ ਦਾ ਨਾਂ ਲਿਖੋ।
3. ਬਾਲ-ਦਿਵਸ ਕਦੋਂ ਮਨਾਇਆ ਜਾਂਦਾ ਹੈ?
4. ਖੇਡਾਂ ਦਾ ਸਮਾਨ ਕਿੱਥੇ ਬਣਾਇਆ ਜਾਂਦਾ ਹੈ?

ਪ੍ਰ8. ਸਹੀ ਸ਼ਬਦ ਚੁਣ ਕੇ ਖਾਲੀ ਥਾਂ ਭਰੋ। (3)

1. ਹਮੇਸ਼ਾ .............. ਦੇਖ ਕੇ ਪੈਰ ਪਸਾਰੋ। (ਚਾਦਰ, ਮੰਜਾ)
2. ਗਣਤੰਤਰ ਦਿਵਸ ................ ਨੂੰ ਮਨਾਇਆ ਜਾਂਦਾ ਹੈ। (15 ਅਗਸਤ, 26 ਜਨਵਰੀ)
3. ਅੰਗੂਰ ................. ਹਨ। (ਖੱਟੇ, ਕੌੜੇ)

ਪ੍ਰ9. ਹੇਠਾਂ ਲਿਖੇ ਸ਼ਬਦਾਂ ਵਿੱਚੋਂ ਸਾਰਥਕ ਅਤੇ ਨਿਰਾਰਥਕ ਸ਼ਬਦਾਂ ਨੂੰ ਅਲੱਗ-ਅਲੱਗ ਕਰਕੇ ਲਿਖੋ। (2)

ਧਾਣੀ, ਚਰਖਾ, ਸਕੂਲ, ਰਾਟੀ

## ਪਾਠ-ਪੁਸਤਕ ਤੇ ਅਧਾਰਤ

ਪ੍ਰ10. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਉ: (5)

1. ਪੁਸਤਕਾਂ ਨੂੰ ਕਿਸ ਦਾ ਜ਼ਖੀਰਾ ਕਿਹਾ ਜਾਂਦਾ ਹੈ?
2. ਸਾਨੂੰ ਪੁਸਤਕਾਂ ਨਾਲ ਕਿਹੜਾ ਵਾਅਦਾ ਕਰਨਾ ਚਾਹੀਦਾ ਹੈ?
3. ਸ੍ਰੀ ਧਵਨ ਨੇ ਕਿਹੜੇ ਦੇਸ਼ ਵਿੱਚ ਜਾ ਕੇ ਪੜ੍ਹਾਈ ਕੀਤੀ?
4. ਸ਼ੇਰ ਨੇ ਕਿਸ ਦਾ ਸ਼ਿਕਾਰ ਕਰਨ ਦੀ ਵਿਉਂਤ ਬਣਾਈ?
5. ਸ੍ਰੀ ਸਤੀਸ਼ ਚੰਦਰ ਧਵਨ ਨਾਲ ਕਿਸਨੇ ਕੰਮ ਕੀਤਾ?

Scanned with OKEN Scanner

ਪ੍ਰ11. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਉ: (8)

1. ਸ਼ੇਰ ਨੇ ਬਾਂਦਰ ਨੂੰ ਆਪਣੇ ਮਹਾਤਮਾ ਬਣਨ ਦਾ ਕੀ ਕਾਰਨ ਦੱਸਿਆ?
2. ਸ੍ਰੀ ਸਤੀਸ਼ ਧਵਨ ਦਾ ਸਰਕਾਰੀ ਕਾਲਜ ਕਿੱਥੇ ਹੈ ਅਤੇ ਭਾਰਤ ਸਰਕਾਰ ਦੁਆਰਾ ਉਨ੍ਹਾਂ ਨੂੰ ਕਿਹੜੇ-ਕਿਹੜੇ ਸਨਮਾਨ ਦਿੱਤੇ ਗਏ?
3. 'ਜੋ ਡਰਦੇ ਨਹੀਂ' ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?
4. ਸੈਟੇਲਾਈਟ ਭੇਜਣ ਦਾ ਪਹਿਲਾਂ ਤਜਰਬਾ ਅਸਫਲ ਕਿਉਂ ਰਹਿ ਗਿਆ ਅਤੇ ਇਸਦੀ ਜ਼ਿੰਮੇਵਾਰੀ ਕਿਸਨੇ ਲਈ?

**ਪ੍ਰ12. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ: (ਕੋਈ ਤਿੰਨ)** (3)

ਜੰਗਲ, ਮੀਂਹ, ਮਦਦ, ਤਿਆਰੀ, ਰਾਕੇਟ

**ਪ੍ਰ13. ਹੇਠਾਂ ਲਿਖੇ ਵਾਕਾਂ ਵਿੱਚ ਖਾਲੀ ਥਾਂ ਭਰੋ: (ਸੱਚੀ, ਰਾਕੇਟ, ਇਸਰੋ, ਦੰਦਾਂ)** (2)

1. ਸ਼ੇਰ ਨੇ ਬਾਂਦਰ ਨੂੰ ................. ਵਿੱਚ ਫੜ ਲਿਆ।
2. ਪੁਸਤਕ ਸਾਡੀ ................ ਸਾਥਣ ਹੈ।
3. ਸ੍ਰੀ ਸਤੀਸ਼ ਚੰਦਰ ਧਵਨ ................. ਸੰਸਥਾ ਦੇ ਮੁਖੀ ਬਣੇ।
4. ................ ਬੰਗਾਲ ਦੀ ਖਾੜੀ ਵਿੱਚ ਡਿੱਗ ਗਿਆ।

**ਪ੍ਰ14. ਹੇਠਾਂ ਲਿਖੇ ਵਾਕਾਂ ਅੱਗੇ ਸਹੀ ਜਾਂ ਗਲਤ ਲਿਖੋ:** (2)

1. ਸ੍ਰੀ ਸਤੀਸ਼ ਚੰਦਰ ਦਾ ਜਨਮ ਜੰਮੂ-ਕਸ਼ਮੀਰ ਵਿੱਚ ਹੋਇਆ।
2. ਸ਼ੇਰ ਧੁੱਪ ਹੋਣ ਕਾਰਨ ਸ਼ਿਕਾਰ ਲਈ ਨਹੀਂ ਜਾ ਸਕਿਆ।
3. ਅਲਜ਼ਬਰਾ ਦਾ ਸ਼ਾਬਦਿਕ ਅਰਥ ਅੰਕ ਗਣਿਤ ਹੁੰਦਾ ਹੈ।
4. ਬੁੱਢਾ ਸ਼ੇਰ ਕਈ ਦਿਨਾਂ ਤੋਂ ਭੁੱਖਾ ਸੀ।

**ਪ੍ਰ15. ਹੇਠਾਂ ਲਿਖੇ ਸ਼ਬਦਾਂ ਦੇ ਅਰਥ ਲਿਖੋ:** (4)

ਸਫ਼ਲ, ਈਂਧਨ, ਪਛਤਾਵਾ, ਤਜਰਬਾ

Scanned with OKEN Scanner